# ਪ੍ਰਧਾਨ ਮੰਤਰੀ ਦੁਆਰਾ ਪਾਪੂਆ ਨਿਊ ਗਿਨੀ ਦੇ ਗਵਰਨਰ-ਜਨਰਲ ਨਾਲ ਮੁਲਾਕਾਤ

22 ਮਈ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 22 ਮਈ 2023 ਨੂੰ ਪੋਰਟ ਮੋਰੇਸਬੀ ਦੇ ਸਰਕਾਰੀ ਭਵਨ ਵਿਖੇ, ਭਾਰਤ-ਪ੍ਰਸ਼ਾਂਤ ਟਾਪੂ ਸਹਿਯੋਗ ਲਈ ਬਣੀ ਫੋਰਮ (ਐਫਆਈਪੀਆਈਸੀ) ਦੇ ਤੀਜੇ ਸਿਖਰ ਸੰਮੇਲਨ ਤੋਂ ਵੱਖਰੇ ਤੌਰ ’ਤੇ ਪਾਪੂਆ ਨਿਊ ਗਿਨੀ (ਪੀਐਨਜੀ) ਦੇ ਗਵਰਨਰ-ਜਨਰਲ ਸਰ ਬੌਬ ਡਾਡੇ ਨਾਲ ਮੁਲਾਕਾਤ ਕੀਤੀ।

2. ਗਵਰਨਰ-ਜਨਰਲ ਨੇ ਪ੍ਰਧਾਨ ਮੰਤਰੀ ਦੁਆਰਾ ਪੀਐਨਜੀ ਦੇਸ਼ ਦੀ ਪਹਿਲੀ ਫੇਰੀ 'ਤੇ ਨਿੱਘਾ ਸਵਾਗਤ ਕੀਤਾ।

3. ਦੋਵੇਂ ਨੇਤਾਵਾਂ ਨੇ ਦੋਵਾਂ ਦੇਸ਼ਾਂ ਦਰਮਿਆਨ ਦੁਵੱਲੇ ਸਬੰਧਾਂ ਅਤੇ ਵਿਕਾਸ ਸਾਂਝੇਦਾਰੀ ਸਬੰਧੀ ਮਹੱਤਤਾ ਤੇ ਵਿਚਾਰਾਂ ਦਾ ਢੁਕਵਾਂ ਅਦਾਨ-ਪ੍ਰਦਾਨ ਕੀਤਾ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਲਈ ਵੀ ਸਹਿਮਤ ਹੋਏ।

**ਪੋਰਟ ਮੋਰੇਸਬੀ**

**22 ਮਈ, 2023**